Alberta

ਨਿਊਜ਼ ਰਿਲੀਜ਼

# ਸਕਿਲਡ ਟ੍ਰੇਡਾਂ (skilled trades) ਵਿੱਚ ਨੌਜਵਾਨ ਆਵਾਜ਼ਾਂ ਨੂੰ ਵਧਾਉਣਾ

22 ਮਈ, 2024 ਮੀਡੀਆ ਪੁੱਛਗਿੱਛ

## ਅਡਵਾਂਸਡ ਐਜੂਕੇਸ਼ਨ ਮੰਤਰੀ ਰਾਜਨ ਸਾਹਨੀ ਨੇ ਅਡਵਾਈਜ਼ਰੀ ਕੌਂਸਲ ਔਫ ਸਕਿੱਲਡ ਟਰੇਡਜ਼ ਯੂਥ ਅੰਬੈਸਡਰਜ਼ (STYA) ਨਿਯੁਕਤ ਕੀਤੀ ਹੈ।

ਹਾਊਸਿੰਗ ਬਣਾਉਣ, ਬੁਨਿਆਦੀ ਢਾਂਚੇ ਦਾ ਵਿਸਤਾਰ ਕਰਨ ਅਤੇ ਕਰਮਚਾਰੀਆਂ ਦੀ ਕਮੀ ਨੂੰ ਪੂਰਾ ਕਰਨ ਲਈ, ਅਲਬਰਟਾ ਨੂੰ ਵਧੇਰੇ ਹੁਨਰਮੰਦ ਟਰੇਡ ਵਰਕਰਾਂ ਦੀ ਲੋੜ ਹੈ। ਪਿਛਲੇ ਦੋ ਸਾਲਾਂ ਵਿੱਚ, ਅਲਬਰਟਾ ਵਿੱਚ ਅਪ੍ਰੈਂਟਿਸਸ਼ਿਪ ਰਜਿਸਟ੍ਰੇਸ਼ਨ ਤੇਜ਼ੀ ਨਾਲ ਵੱਧ ਰਹੀ ਹੈ। ਸਕਿਲਡ ਟ੍ਰੇਡਾਂ ਵਿੱਚ ਨੌਜਵਾਨ ਬਾਲਗਾਂ ਦੀਆਂ ਆਵਾਜ਼ਾਂ ਅਤੇ ਅਨੁਭਵਾਂ ਨੂੰ ਸੁਣਨਾ ਵਧੇਰੇ ਵਿਦਿਆਰਥੀਆਂ ਨੂੰ ਉੱਚ-ਮੰਗ ਵਾਲੇ ਪ੍ਰੋਗਰਾਮਾਂ ਵਿੱਚ ਦਾਖਲ ਹੋਣ ਅਤੇ ਲਾਭਦਾਇਕ ਕਰੀਅਰ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਨ ਲਈ ਚੱਲ ਰਹੇ ਯਤਨਾਂ ਦਾ ਸਮਰਥਨ ਕਰੇਗਾ।

STYA ਸਕਿਲਡ ਟ੍ਰੇਡਾਂ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰੇਗਾ ਅਤੇ ਅਲਬਰਟਾ ਦੀ ਸਰਕਾਰ ਨੂੰ ਅਪ੍ਰੈਂਟਿਸਾਂ ਅਤੇ ਜਰਨੀਪਰਸਨਾਂ ਦੀ ਵਧਦੀ ਗਿਣਤੀ ਦੀ ਸਹਾਇਤਾ ਕਰਨ ਲਈ ਸਲਾਹ ਪ੍ਰਦਾਨ ਕਰੇਗਾ। ਸਕਿਲਡ ਟ੍ਰੇਡਾਂ ਵਿੱਚ ਨੌਜਵਾਨ ਬਾਲਗਾਂ ਤੋਂ ਸਿੱਧੇ ਤੌਰ 'ਤੇ ਸੁਣਨਾ ਇੱਕ ਹੋਰ ਤਰੀਕਾ ਹੈ ਜਿਸ ਨਾਲ ਅਲਬਰਟਾ ਆਉਣ ਵਾਲੇ ਦਹਾਕਿਆਂ ਵਿੱਚ ਅਲਬਰਟਾ ਦੀ ਆਰਥਿਕਤਾ ਨੂੰ ਜਾਰੀ ਰੱਖਣ ਲਈ ਲੋੜੀਂਦੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਲਈ ਕੰਮ ਕਰ ਰਿਹਾ ਹੈ।

“ਅਲਬਰਟਾ ਦੇ ਨੌਜਵਾਨ ਬਾਲਗਾਂ ਕੋਲ ਸਾਡੇ ਵਧ ਰਹੇ ਸੂਬੇ ਨੂੰ ਪੇਸ਼ ਕਰਨ ਲਈ ਬਹੁਤ ਕੁਝ ਹੈ। ਨੌਜਵਾਨ ਅਪ੍ਰੈਂਟਿਸਾਂ ਅਤੇ ਜਰਨੀਪਰਸਨਾਂ ਦੀ ਸਲਾਹ ਸਾਨੂੰ ਕੀਮਤੀ ਸਮਝ ਪ੍ਰਦਾਨ ਕਰੇਗੀ ਜਿਵੇਂ ਅਸੀਂ ਸਕਿਲਡ ਟ੍ਰੇਡਾਂ ਨੂੰ ਵਧਾਉਣ ਅਤੇ ਉਤਸ਼ਾਹਿਤ ਕਰਨ ਦੇ ਹੋਰ ਤਰੀਕੇ ਲੱਭਦੇ ਹਾਂ। ਮੈਂ ਐਮਬੈਸੇਡਰਾਂ ਦੇ ਇੱਕ ਮਜ਼ਬੂਤ ਸਮੂਹ ਦੇ ਨਾਲ ਸਹਿਯੋਗ ਕਰਨ ਦੇ ਇਸ ਦਿਲਚਸਪ ਮੌਕੇ ਦੀ ਉਡੀਕ ਕਰ ਰਿਹਾ ਹਾਂ।"

*ਰਾਜਨ ਸਾਹਨੀ, ਅਡਵਾਂਸਡ ਐਜੂਕੇਸ਼ਨ ਮੰਤਰੀ*

12 ਐਮਬੈਸੇਡਰ ਅਗਾਂਹਵਧੂ ਸੋਚ ਵਾਲੇ ਨੌਜਵਾਨ ਹਨ ਜੋ ਸਰਗਰਮੀ ਨਾਲ ਸਕਿਲਡ ਟ੍ਰੇਡਾਂ ਵਿੱਚ ਲੱਗੇ ਹੋਏ ਹਨ। ਹਰੇਕ ਨੂੰ ਉਹਨਾਂ ਦੇ ਅਪ੍ਰੈਂਟਿਸਸ਼ਿਪ ਮਾਰਗ 'ਤੇ ਪ੍ਰਦਰਸ਼ਨ ਦੀ ਉੱਤਮਤਾ ਦੇ ਅਧਾਰ ਤੇ ਉਹਨਾਂ ਦੀ ਪੋਸਟ-ਸੈਕੰਡਰੀ ਸੰਸਥਾ ਦੁਆਰਾ ਨਾਮਜ਼ਦ ਕੀਤਾ ਗਿਆ ਹੈ। ਉਹ ਸਕਿਲਡ ਟ੍ਰੇਡਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ, ਚੁਣੌਤੀਆਂ ਅਤੇ ਮੌਕਿਆਂ ਬਾਰੇ ਸਰਕਾਰ ਨੂੰ ਸੂਚਿਤ ਕਰਨ ਵਿੱਚ ਮਦਦ ਕਰਨਗੇ। ਹਰ ਐਮਬੈਸੇਡਰ ਛੇ ਮਹੀਨਿਆਂ ਦੀ ਮਿਆਦ ਲਈ ਸੇਵਾ ਕਰੇਗਾ।

## ਐਮਬੈਸੇਡਰ

| **ਐਮਬੈਸੇਡਰ** | **ਟ੍ਰੇਡ** |
|---|---|
| ਮੈਰੀ ਬੀਜ਼ਰ | ਕੁੱਕ |
| ਡਾਲਿਨ ਡ੍ਰਸ | ਹੈਵੀ ਇਕਵਿਪਮੈਂਟ ਟੇਕਨੀਸ਼ੀਅਨ |
| ਕ੍ਰਿਸਟੀਨਾ ਰੋਜ਼ ਕੁਚੇਰੂਕ | ਇੰਸਟਰੂਮੈਂਟੇਸ਼ਨ |
| ਈਡਨ ਮਾਰਕਲੰਡ | ਵੈਲਡਰ |
| ਟ੍ਰਿਨਿਟੀ ਮੇਹਲਹਾਫ਼ | ਪ੍ਰੀ-ਏਮਪਲੌਏਮੈਂਟ ਆਟੋਮੋਟਿਵ ਸਰਵਿਸ ਟੇਕਨੀਸ਼ੀਅਨ |
| ਟਾਏ ਪੇਨਰ | ਲੈਂਡਸਕੇਪ ਹੌਰਟੀਕਲਚਰਲਿਸਟ |
| ਬੇਨ ਰੇਨਫੋਰਥ | ਵੈਲਡਰ |
| ਨੈਥਲੀ ਰੋਜ਼ਬੇਰੀ | ਪਲੰਬਰ/ਗੈਸਫਿਟਰ |
| ਸਿਡਨੀ ਸ਼ੁਕ | ਵੈਲਡਰ |
| ਐਂਡਰਿਊ ਸ਼ੀਲਡਜ਼ | ਹੈਵੀ ਇਕਵਿਪਮੈਂਟ ਟੇਕਨੀਸ਼ੀਅਨ |
| ਕਲੋਈ ਸਪਰਲਿੰਗ | ਕੈਬਨਿਟ ਮੇਕਰ |
| ਲੇਨ ਵੈਨ ਹਾਰਡਵੇਲਡ | ਮਿਲਰਾਈਟ |

## ਮੁੱਖ ਤੱਥ

- ਅਲਬਰਟਾ ਸਕਿਲਡ ਟ੍ਰੇਡਾਂ ਵਿੱਚ 47 ਅਪ੍ਰੈਂਟਿਸਸ਼ਿਪ ਸਿੱਖਿਆ ਪ੍ਰੋਗਰਾਮ ਪ੍ਰਦਾਨ ਕਰਦਾ ਹੈ।

- ਬਜਟ 2024 ਦੁਆਰਾ, ਅਲਬਰਟਾ ਦੀ ਸਰਕਾਰ ਅਗਲੇ ਤਿੰਨ ਸਾਲਾਂ ਵਿੱਚ ਜਨਤਕ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਅਪ੍ਰੈਂਟਿਸਸ਼ਿਪ ਕਲਾਸਾਂ ਵਿੱਚ ਹੋਰ ਸੀਟਾਂ ਬਣਾਉਣ ਲਈ ਪ੍ਰਤੀ ਸਾਲ ਵਾਧੂ $24 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ।
- ਬਜਟ 2023 ਵਿੱਚ, ਅਲਬਰਟਾ ਦੀ ਸਰਕਾਰ ਨੇ ਕਰੀਅਰਜ਼: ਦ ਨੈਕਸਟ ਜਨਰੇਸ਼ਨ, ਵਿਮਿੰਨ ਬਿਲਡਿੰਗ ਫਿਊਚਰਜ਼ ਐਂਡ ਸਕਿੱਲਜ਼ ਕੈਨੇਡਾ ਅਲਬਰਟਾ ਦੀ ਸਿੱਧੀ ਸਹਾਇਤਾ ਵਿੱਚ ਤਿੰਨ ਸਾਲਾਂ ਵਿੱਚ $44.2 ਮਿਲੀਅਨ ਦਾ ਨਿਵੇਸ਼ ਕੀਤਾ।

## ਸੰਬੰਧਿਤ ਜਾਣਕਾਰੀ

- ਟ੍ਰੇਡਸੀਕਰੇਟਸ - ਹੋਮ (alberta.ca)
- ਅਡਵਾਈਜ਼ਰੀ ਕੌਂਸਲ ਔਫ ਸਕਿੱਲਡ ਟਰੇਡਜ਼ ਯੂਥ ਅੰਬੈਸਡਰਜ਼ (STYA)

## ਮੀਡੀਆ ਪੁੱਛਗਿੱਛ


### ਮਕੇਂਜ਼ੀ ਬਲਿਥ (Mackenzie Blyth)

780-293-1745
ਪ੍ਰੈੱਸ ਸਕੱਤਰ, ਅਡਵਾਂਸਡ ਐਜੂਕੇਸ਼ਨ